ਪੰਜਾਬ ਸਰਕਾਰ

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ

(ਚੋਣ ਸਾਖਾ)

ਸੇਵਾ ਵਿਖੇ

ਰਾਜ ਦੇ ਸਮੂਹ

ਡਿਪਟੀ ਕਮਿਸਨਰਜ ।

ਪੱਤਰ ਨੰ. ਡੀ.ਪੀ.ਈ-1/2008/ 3191

ਚੰਡੀਗੜ੍ਹ, ਮਿਤੀ: 4-9-08

ਵਿਸਾ :- ਸਰਪੰਚਾਂ ਦੀ ਚੋਣ ਤੋਂ ਬਾਅਦ ਦੁਬਾਰਾ ਪੜਤਾਲਾਂ ਕਰਵਾਉਣ ਸਬੰਧੀ।

=====

ਉਪਰੋਕਤ ਵਿਸੇ ਸਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਜਿਲ੍ਹਿਆਂ ਦੇ ਡਿਪਟੀ ਕਮਿਸਨਰ ਸਹਿਬਾਨ ਨੇ ਸਰਪੰਚਾਂ ਦੀ ਚੋਣ ਹੋਣ ਤੋਂ ਬਾਅਦ ਕੁੱਝ ਪੰਚਾਇਤਾਂ ਦੀ ਚੋਣ ਬਾਰੇ ਪੜਤਾਲੀਆ ਅਫਸਰ ਨਿਯੁਕਤ ਕਰਕੇ ਦੁਬਾਰਾ ਚੋਣ ਕਰਵਾਉਣ ਦੇ ਆਦੇਸ ਦਿੱਤੇ ਗਏ ਹਨ ਜੋਂ ਕਿ ਨਿਯਮਾਂ ਦੇ ਉਲਟ ਹੈ । ਜਿਵੇਂ ਕਿ ਪੰਜਾਬ ਪੰਚਾਇਤ ਇਲੈਕਸਨ ਰੂਲਜ 1994 ਦੇ ਰੂਲ 45 ਅਨੁਸਾਰ ਸਬੰਧਤ ਡਿਪਟੀ ਕਮਿਸਨਰ ਵਲੋਂ ਕਿਸੇ ਵੀ ਅਧਿਕਾਰੀ ਦੀ ਡਿਊਟੀ ਲਗਾ ਕੇ ਪੰਚਾਇਤ ਚੋਣ ਕਰਵਾਈ ਜਾਣੀ ਸੀ ਅਤੇ ਇਸ ਨਿਯਮ ਜਾਂ ਹੋਰ ਸਬੰਧਤ ਐਕਟ ਵਿੱਚ ਅਜਿਹਾ ਕੋਈ ਉਪਬੰਧ ਨਹੀਂ ਹੈ ਕਿ ਡਿਪਟੀ ਕਮਿਸਨਰ ਵਲੋਂ ਪੰਚਾਇਤ ਦੀ ਸੰਪੂਰਨ ਹੋਈ ਚੋਣ ਤੋਂ ਬਾਅਦ ਪੜਤਾਲੀਆ ਅਫਸਰ ਨਿਯੁਕਤ ਕਰਕੇ ਚੋਣ ਰੱਦ ਕਰਦੇ ਹੋਏ ਉਸ ਪੰਚਾਇਤ ਦੀ ਚੋਣ ਦੁਬਾਰਾ ਕਰਵਾਈ ਜਾਵੇ । ਜੇਕਰ ਕਿਸੇ ਵਿਅਕਤੀ ਨੂੰ ਕੋਈ ਚੋਣ ਸਬੰਧੀ ਉਜਰ ਹੋਵੇ ਤਾਂ ਉਹ ਜਿਲ੍ਹਾ ਚੋਣ ਟ੍ਰਿਬਿਉਨਲ ਪਾਸ ਚੋਣ ਪਟੀਸਨ ਕਰ ਸਕਦਾ ਹੈ ।

ਸਕੱਤਰ , ਪੰਜਾਬ ਸਰਕਾਰ

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।